# ੴ ਸਤਿਗੁਰ ਪ੍ਰਸਾਦਿ ॥

ਸਤਿਕਾਰ ਜੋਗ ਸਿੰਘ ਸਾਹਿਬ ਜਥੇਦਾਰ ਮਨਜੀਤ ਸਿੰਘ ਜੀਓ, **January, 21- 1999**

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਗੁਰੂ ਜੀ ਕੀ ਫਤਿਹ ॥

੧) ਖਿਮਾ ਕਰਨਾ ਜੀ, ਸਿਹਤ ਵਿਚ ਵਿਘਨ ਪੈ ਜਾਣ ਦੇ ਕਾਰਨ, ਚਾਰ ਤਖ਼ਤ ਸਾਹਿਬਾਨ ਦੀ ਸਿਰਜਣਾ ਦੇ ਇਤਹਾਸ ਸੰਬੰਧੀ ਲਿਖੀ (ਨਾਲ ਨੱਥੀ) ਅਰਜ਼-ਦਾਸ਼ਤ ਦੇ ਪੈਰਾ ਨੰਬਰ ੧੩ ਦੀ ਗੱਲ ਲਿਖਣ ਵਿਚ ਕੁਝ ਦਿਨਾਂ ਦੀ ਦੇਰੀ ਹੋ ਗਈ। ਵਿਕਟੋਰੀਆ ਨਿਵਾਸੀ ਉਸ ਬੜੇ ਸੂਝਵਾਨ ਗੁਰਸਿੱਖ ਨਾਲ ਹੋਈ ਗੱਲ ਬਾਤ ਦਾ ਵੇਰਵਾ:-

ਪੰਜ ਕਕਾਰਾਂ ਵਿਚ ਫੱਬੇ ਹੋਏ ਉਸ ਅੰਮ੍ਰਿਤਧਾਰੀ ਸਿੰਘ ਜੀ ਨੇ ੧੧ ਜਨਵਰੀ ਐਤਵਾਰ ਸ਼ਾਮੀ ੭ ਵਜੇ ਦੇ ਕਰੀਬ, ਦਾਸ ਦੇ ਨਿਵਾਸ ਅਸਥਾਨ ਤੇ ਪੁੱਜ ਕੇ ਭੈ ਗ੍ਰਸੀ ਜਿਹੀ ਹਾਲਤ ਵਿਚ ਆਪਬੀਤੀ ਸੁਣਾਈ----

ਸਿੰਘ-" ਪਰਸੋਂ ਸਵੇਰੇ ਜਦ ਮੈਂ ਨਿਤਨੇਮ ਕਰਨ ਬੈਠਾ ਤਾਂ ਅਚਨਚੇਤ ਪੇਟ ਵਿਚ ਗੜਬੜ ਹੋ ਜਾਣ ਤੇ ਪਾਠ ਕਰਦਿਆਂ ਹੀ ਵਾਸ਼ਰੂਮ ਜਾਣਾ ਪਿਆ। ਪਰ ਕਮੋਡ ਤੇ ਬੈਠਿਆਂ ਵੀ, ਉਸੇ ਉਚੀ ਸੁਰ ਵਿਚ ਮਗਨ ਪਾਠ ਕਰਦਾ ਰਿਹਾ। ਅਤੇ ਉਸ ਗੰਦਗੀ ਵਾਲੇ ਥਾਂ ਤੇ ਬੈਠੇ ਰਹਿਣ ਦੀ ਮਜਬੂਰੀ ਜਾਰਣਾ ਉਥੇ ਬੈਠਿਆਂ ਪਾਠ ਦਾ ਭੋਗ ਪੈ ਗਿਆ। ਉਸ ਦਿਨ ਦਾ ਮਨ ਵਿਚ ਭੈ ਬਣਿਆਂ ਹੋਇਆ ਹੈ ਕਿ ਮੇਰੇ ਕੋਲੋਂ ਗੁਰਬਾਣੀ ਦੀ ਬੜੀ ਵੱਡੀ ਅਵੱਗਿਆ ਹੋ ਗਈ ਹੈ। ਮਨ ਤੋਂ ਇਹ ਭੈ ਕਿਵੇਂ ਦੂਰ ਹੋਵੇ?"

ਦਾਸ:-- " ਪਿਆਰਿਓ ! ਇਸ ਗੱਲ ਦਾ ਪਤਾ ਜੇ ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ ਜੀ ਨੂੰ ਲੱਗ ਜਾਵੇ ਤਾਂ ਸ਼ਾਇਦ ਉਹ ਕਿਹੋ ਜਿਹਾ ਹੁਕਮ ਕਰ ਦੇਣ ? ਕਿਉਂਕਿ ਉਨ੍ਹਾਂ ਨੂੰ ਤਾਂ ਭਾਈ ਸਾਹਿਬ ਭੁਪਿੰਦਰ ਸਿੰਘ ਜੀ ਦਾ ਬੜੇ ਸਾਫ਼ ਸੁਥਰੇ ਹਾਲ ਵਿਚ ਸਾਫ ਸੁਥਰੀਆਂ ਕੁਸਰੀਆਂ ਤੇ ਬੈਠੀ ਸੰਗਤ ਨੂੰ ਗੁਰੂ ਸ਼ਬਦ ਵਿਚਾਰ ਨਾਲ ਜੋੜ ਕੇ ਸ਼ੁੱਧ ਗੁਰਮਤਿ ਗਿਆਨ ਸਮਝਾਉਣ ਵਾਲਾ ਸ਼ੁੱਭ ਕਰਮ ਵੀ ਜ਼ਰਾ ਨਹੀਂ ਭਾਇਆ ਅਤੇ ਅਜੇਹੀ ਲਾਹੇਵੰਦ ਨਿਸ਼ਕਾਮ ਸੇਵਾ ਨੂੰ ਸਟੇਜਾਂ ਤੇ ਭੰਡਣਾਂ ਖ਼ਾਲਸਈ ਮਰਯਾਦਾ ਮੰਨ ਬੈਠੇ ਹੋਏ ਹਨ। ਤੁਸਾਂ ਤਾਂ ਟੱਟੀ ਬੈਠਿਆਂ ਪਾਠ ਕੀਤਾ ਹੈ। ਪਰ ਜੇ ਸਿੰਘ ਸਾਹਿਬ ਰਾਣਜੀਤ ਸਿੰਘ ਜੀ ਨੇ ਸੁਣ ਲਿਆ ਤਾਂ ਉਨ੍ਹਾਂ ਨੇ ਤਨਖਾਹੀਆ ਘੋਸ਼ਤ ਕਰਕੇ ਤੁਹਾਨੂੰ ਸ੍ਰੀ ਅਕਾਲਤਖ਼ਤ ਸਾਹਿਬ ਤੇ ਪੇਸ਼ ਹੋਣ ਦਾ ਹੁਕਮ ਜਾਰੀ ਕਰ ਦੇਣਗੇ। ਜੇ ਕਰਾਇਆ ਖ਼ਰਚ ਕੇ ਓਥੇ ਜਾਣਾ ਮੁਸ਼ਕਲ ਬਣ ਗਿਆ ਤਾਂ ਸਮਝੋ ਪੰਥ ਵਿਚੋਂ ਖ਼ਾਰਜ ਕੀਤਾ ਜਾਣ ਦਾ ਹੁਕਮਨਾਮਾ ਆਇਆ ਕਿ ਆਇਆ । ਜਦ ਕੁਰਸੀਆਂ ਤੇ ਬੈਠਿਆਂ ਲੰਗਰ ਛਕਣ ਨਾਲ ਸਿੱਖ ਧਰਮ ਦਾ ਕੱਖ ਨਹੀਂ ਰਹਿੰਦਾ ਤੁਸਾਂ ਤਾਂ ਟੱਟੀ ਵਾਲੇ ਕਮੋਡ ਤੇ ਬੈਠ ਕੇ ਗੁਰੂ ਬਾਣੀ ਦਾ ਪਾਠ ਕੀਤਾ ਹੈ ? ਤੁਹਾਡੀ ਬੱਚਤ ਹੋਣੀ ਕਿਸ ਦਲੀਲ ਨਾਲ ਅਸੰਭਵ ਬਣੇ ? "

ਸਿੰਘ-- ਸਿੰਘ ਸਾਹਿਬਾਨ ਬਾਰੇ ਫੇਰ ਸੋਚ ਲਵਾਂਗੇ ਪਹਿਲਾਂ ਤੁਸੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਸ ਭੁੱਲ ਬਾਰੇ ਫ਼ਤਵਾ ਸਮਝਾਉ । "

ਦਾਸ-- ਉਂਜ ਤਾਂ ਗੁਰਬਾਣੀ ਵਿਚ ਅਕਾਲਪੁਰਖ ਨੂੰ **ਕਰਣ ਕਾਰਣ** ਕਈ ਵਾਰੀ ਲਿਖਿਆ ਮਿਲਦਾ ਹੈ, ਪਰ ਹਾਲੀ ਕੇਵਲ ਤੁਸੀਂ ਸੁਖਮਨੀ ਸਾਹਿਬ ਦੀ ੧੧ਵੀਂ ਅਸਟਪਦੀ ਦੇ ਪਾਵਨ ਸਲੋਕ ਨੂੰ ਧਿਆਨ ਵਿਚ ਲਿਆਉ---

" **ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥ ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ ॥ ੧ ॥** "

ਅਰਥਾਤ, ਸੰਸਾਰ ਦਾ ਸਿਰਜਣਹਾਰ ਵੀ ਉਹ ਆਪ ਹੈ ਅਤੇ ਦਿੱਸਦੀ ਅਣਦਿਸਦੀ ਅਪਾਰ ਸਿਰਜਣਾ ਦਾ ਕਣ ਕਣ ਸਭ ਕੁਝ ਪ੍ਰਭੂ ਆਪ ਹੀ ਆਪ ਹੈ ਹਵਾ ਪਾਣੀ ਧਰਤੀ ਆਕਾਸ਼, ਸੂਰਜ ਚੰਦ, ਗਰਮੀ ਸਰਦੀ ਆਦਿ ਉਸ ਤੋਂ ਬਿਨਾ ਹੋਰ ਕੁਝ ਨਹੀਂ ਹੈ। ਇਹ **ਅਪਾਰ ਸਿਰਜਣਾ,** ਉਸ ਅਦ੍ਰਿਸ਼ਟ, ਅਪਾਰ, ਅਗੰਮ, ਅਗੋਚਰ ਸ਼ਕਤੀ, ਵਾਹਿਗੁਰੂ ਜੀ ਦਾ ਹੀ **ਸਾਖ਼ਸ਼ਾਤ ਵਜੂਦ** ਹੈ। ਰੇਲ ਗੱਡੀਆਂ, ਹਵਾਈ ਅਤੇ ਸਮੁੰਦਰੀ ਜਹਾਜ਼, ਸਾਰੇ ਮਾਰੂ ਹਥਿਆਰ ਅਥਵਾ ਐਟਮ ਬੰਬ ਅਤੇ ਉਸ ਤੋਂ ਹੁੰਦਾ ਧਮਾਕਾ ਵੀ ਉਹ ਆਪ ਹੀ ਹੈ । ਫਿਰ ਐਟਮ ਬੰਬ ਦੇ ਧਮਾਕੇ ਤੋਂ ਹੁੰਦੀ, ਜਿਸ ਨੂੰ ਅਸੀਂ ਤਬਾਹੀ ਮੰਨ ਰਹੇ ਹੁੰਦੇ ਹਾਂ, ਉਹ ਸਭ ਕੁਝ ਆਪ ਹੀ ਆਪ ਹੈ। ਇਸ ਤੋਂ ਸਿੱਧ ਹੈ ਕਿ, ਪੈਦਾ ਹੋਣ ਤੋ ਬੁੱਢੇ ਹੋ ਕੇ ਮਰਨ ਤੱਕ, ਸਾਡੀ ਸਾਰੀ ਕਿਰਿਆ (ਚਲਨਾ ਫਿਰਨਾ, ਕਮਾਈ ਕਰਨੀ, ਖਾਣਾ ਪੀਣਾ, ਸੌਣਾ ਜਾਗਣਾ, ਟੱਟੀ ਪਿਸ਼ਾਬ ਸਾਰੀ ਗੱਲ ਕੀ ਸਾਡੀ ਸਾਰੀ ਕਿਰਤ- ਕਿਰਿਆ) ਵਾਹਿਗੁਰੂ ਜੀ ਦੇ ਆਪਣੇ ਹੀ ਵਜੂਦ-ਸਰੀਰ ਦੇ ਅੰਦਰੇ ਹੀ ਹੋ ਰਹੀ ਹੁੰਦੀ ਹੈ।

ਉਸ ਦੀ ਅਪਾਰ ਸਿਰਜਣਾ ਵਿਚ ਉਸ ਦੀ ਬਣਾਈ ਕੋਈ ਵਸਤੂ ਵੀ ਨਾਕਾਰਾ ਜਾਂ ਫਜ਼ੂਲ ਨਹੀਂ ਹੈ । ਇਕ ਚੀਜ਼ ਸਾਡੇ ਵਜੂਦ ਲਈ ਬਦਬੂਦਾਰ ਗੰਦਗੀ, ਅਤੇ ਘਾਤਕ ਜ਼ਹਿਰ ਹੈ, ਪਰ ਇਸ ਸੰਸਾਰ-ਤਾਮਾਸ਼ੇ ਵਿਚ ਜਨਮ ਲੈ ਕੇ ਜਿੰਦਗੀ ਦਾ ਅਨੰਦ ਮਾਣ ਰਹੇ ਬੇਅੰਤ ਖਿਟਾਣੂਆਂ, ਕਿਰਮਾਂ, ਜੀਵਾਂ ਅਥਵਾ (ਕੂਕਰ-ਸੂਕਰ ਆਦਿ) ਲਈ ਉਹੀ ਪਦਾਰਥ ਅੰਮ੍ਰਿਤ-ਮਈ ਹੁੰਦਾ ਹੈ। -" ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ, ਗੋਬਿੰਦ ਬਿਨੁ ਨਹੀ ਕੋਈ ॥" ਦਾ- ਹੋਕਾ ਦੇ ਰਹੇ ਸੀ ਗੁਰੂ ਗ੍ਰੰਥ ਸਾਹਿਬ ਲਈ ਨਾ ਕੋਈ ਵਿਅਰਥ ਦਾ ਟੱਟੀ ਅਸਥਾਨ ਹੈ ਅਤੇ ਇਨ੍ਹਾਂ ਲਈ ਆਪਣੇ ਆਪ ਵਿਚ ਨਾ ਕੋਈ ਅਸਥਾਨ ਜਾਂ ਕਥਿਤ ਧਰਮ-ਅਸਥਾਨ ਪਵਿੱਤਰ ਹੀ ਹੈ। ਸਤਿਗੁਰਾਂ ਦੀ ਨਜ਼ਰ ਵਿਚ ਉਹ ਕਾਗ਼ਜ਼ ਪੂਜਣ ਜੋਗ ਹੈ ਜਿਸ ਤੇ ਵਾਹਿਗੁਰੂ ਦਾ ਨਾਮ ਲਿਖਿਆ ਹੋਇਆ ਹਦ, ਅਤੇ ਉਹ ਸਾਰੇ ਅਸਥਾਨ ਧੰਨਤਾ ਜੋਗ ਹਨ ਜਿਥੇ ਉਸ ਕਾਦਰ ਦੇ ਗੁਣ ਗਾਏ ਜਾਂਦੇ ਹਨ --ਧੰਨੁ ਇਹੁ ਥਾਨੁ ਗੋਵਿੰਦੁ ਗੁਣ ਗਾਏ ॥[੧੯੭] ਉਹ ਵਾਸ਼ਰੂਮ ਤਾਂ ਧੰਨਤਾ ਜੋਗ ਹੋ ਗਿਆ ਸੀ ਜਿੱਥੇ ਬੈਠ ਕੇ ਸਿੰਘ ਜੀ ਤੁਸੀਂ ਉਸ ਦੀ ਸ਼ਿਫਤਿ ਸਾਲਾਹ ਦੀ ਬਾਣੀ ਉਚੀ ਸੁਰ ਵਿਚ ਪੜ੍ਹਨ ਵਿਚ ਮਗਨ ਸਾਉ । "

ਦੂਜਾ ਪੱਖ--ਮਨੁੱਖਾ ਸਰੀਰ ਨੂੰ ਸਤਿਗੁਰਾਂ ਨੇ ਬੜੀ ਵਾਰੀ ਹਰਿ ਮੰਦਰ ਕਿਹਾ ਹੈ--**ਕਾਇਆ ਹਰਿ ਮੰਦਰੁ ਹਰਿ ਆਪਿ ਸਵਾਰੇ ॥ ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ** ॥ [੧੦੫੯੦]--**ਕਾਇਆ ਮਹਲੁ ਮੰਦਰੁ ਘਰੁ ਹਰਿ ਕਾ ਤਿਸੁ ਮਹਿ ਰਾਖੀ ਜੋਤਿ ਅਪਾਰ ॥**

**[੧੨੫੫]** ਪਰ, ਇਸ ਦੇਹੀ ਦੀ ਅਸਲੀਯਤ--**ਅਸਤਿ ਚਰਮ ਬਿਸਟਾ ਕੇ ਮੂੰਦੇ, ਦੁਰਗੰਧ ਹੀ ਕੇ ਬੇਢੇ ॥ ੧ ॥ ਰਹਾਉ ॥** [੧੧੨੪]-੪ **ਬਿਸਟਾ ਅਸਤ ਰਕਤੁ ਪਰੇਟੇ ਚਾਮ ॥** [੩੭੪] ਗੰਦ ਦੇ ਭਰੇ ਸੜਾਂਦ ਮਾਰਦੇ ਚਮੜੇ ਅਤੇ ਹੱਡੀਆਂ ਦੇ ਢਾਂਚੇ ? ਇਸ ਮਨੁੱਖਾ ਸਰੀਰ ਨੂੰ ਹਰਿ ਮੰਦਰ ?--ਪਰ ਸਤਿਗੁਰਾਂ ਨੇ ਇਸ ਮੰਦਰ ਨੂੰ ਤਾਂ ਸਗੋਂ ਸਾਡੇ ਕਰਮਾਂ ਦਾ ਲੇਖਾ ਜੋਖਾ ਕਰਦਿਆਂ ਸਾਡੇ ਭੂਤ ਭਵਿਖ ਦਾ ਫ਼ੈਸਲਾ ਸੁਣਾਉਣ ਲਈ ਪ੍ਰਭੂ ਦਾ ਤਖ਼ਤ ਫ਼ੁਰਮਾਨ ਕੀਤਾ ਹੈ----**ਅੰਦਰਿ ਰਾਜਾ ਤਖ਼ਤੁ ਹੈ ਆਪੇ ਕਰੇ ਨਿਆਉ ॥**[੧੦੯੨] ਸਭ ਕੁਝ ਪ੍ਰਭੂ ਆਪ ਹੀ ਹੈ ਫਿਰ ਉਸੇ ਲਈ ਚੰਗਾ ਜਾਂ ਮਾੜਾ ਥਾਂ ਮਿਥ ਬਹਿਣ ਦਾ ਅਰਥ ਕੀ ਗੁਰਮਤਿ ਦੀ ਖੰਡਣਾ ਅਥਵਾ ਸਤਿਗੁਰਾਂ ਦੀ ਨਿੰਦਿਆ ਦਾ ਪਾਪ ਕਰਨ ਤੁੱਲ ਨਾ ਹੋਇਆ ਜੀ?

ਮਨੁੱਖਾ ਸਰੀਰ ਨੂੰ ਅਰੋਗ ਰੱਖਣ ਲਈ ਅਤੇ ਜ਼ਿੰਦਗੀ ਨੂੰ ਸੁਖਾਵੀਂ ਅਤੇ ਸੋਹਜ ਵਾਲੀ ਬਣਾਈ ਰੱਖਣ ਲਈ ਮਨੁੱਖ ਨੇ ਅੱਡ ਅੱਡ ਤਰ੍ਹਾਂ ਦੀ ਮਰਯਾਦਾ ਅਥਵਾ ਕਈ ਤਰ੍ਹਾਂ ਦੇ ਕਾਨੂੰਨ ਬਣਾਏ ਹੋਏ ਹਨ। ਉਨ੍ਹਾਂ ਨਿਯੱਮਾ ਦਾ ਰੱਬੀ ਦਰਬਾਰ ਵਿਚ ਕੌਡੀ ਮੁੱਲ ਨਹੀਂ ਹੈ। ਏਸੇ ਲਈ ਸਤਿਗੁਰਾਂ ਨੇ, ਕੇਵਲ ਸਰੀਰ ਦੇ ਤਲ ਤੇ ਕੀਤੇ ਜਾ ਰਹੇ, ਅਥਵਾ ਕਿਸੇ ਵੀ ਵਿਖਾਵੇ ਵਾਲੇ ਧਰਮ-ਕਰਮ ਨੂੰ ਧਰਮ ਦਾ ਅੰਗ ਨਹੀਂ ਮੰਨਿਆਂ । (ਸਮਾਜ ਦੇ ਸੁਖ ਅਤੇ ਅਰੋਗਤਾ ਨੂੰ ਕਾਇਮ ਰੱਖਣ ਲਈ ਬਣੇ) ਨਿੱਯਮਾਂ ਨੂੰ ਧਰਮ ਦਾ ਅੰਗ ਘੋਸ਼ਤ ਕਰ ਕੇ, ਮਾਇਆ ਦੀ ਲੁੱਟ ਮਚਾਈ ਰੱਖਣੀ ਧਰਮ ਆਗੂਆਂ ਦਾ ਮੁਢ ਕਦੀਮਾਂ ਦਾ ਪੇਸ਼ਾ ਹੈ। ਅੱਜ ਸਿੱਖ ਧਰਮ ਦੇ ਆਗੂ ਧਰਮ, ਨੂੰ ਬਦਨਾਮ ਕਰਨ ਵਾਲੀਆਂ ਕਰਤੂਤਾ ਕਰਦੇ ਜ਼ਰਾ ਨਹੀਂ ਸੰਗ ਰਹੇ। ਉਨ੍ਹਾਂ ਦੇ ਧਾਰਮਿਕ ਉਪਦੇਸ਼ ਕੇਵਲ ਲੋਕਾਂ ਲਈ ਹੀ ਹਨ। ਆਪ ਸਭ ਕੁਝ ਉਲਟ ਕਰਦੇ ਹਨ। ਸਤਿਗੁਰਾਂ ਦੇ ਜਿਸ ਫ਼ੁਰਮਾਨ ਦੀ ਮਾਨੋਂ ਰਾਤ ਦਿੱਨ ਖਿੱਲੀ ਉਡਾ ਰਹੇ ਹੁੰਦੇ ਹਨ, ਓਹੁ ਗੁਰੂ ਫ਼ੁਰਮਾਨ ਇਉਂ ਹੈ---**ਅਵਰ ਉਪਦੇਸੈ ਆਪਿ ਨ ਕਰੈ ॥ ਆਵਤ ਜਾਵਤ ਜਨਮੈ ਮਰੈ ॥** ਕਰਮ ਤਾਂ ਸਾਰੇ ਗੁਰੂ ਪਰਮੇਸ਼ਰ ਜੀ ਦੇ ਹੁਕਮਾਂ ਦੇ ਵਿਰੁੱਧ ਕਰਨੇ ਪਰ, ਆਪਣਾ ਸਰੀਰ ਹਰ ਵੇਲੇ ਬੜੇ ਪ੍ਰਭਾਸ਼ਾਲੀ ਧਾਰਮਿਕ ਚਿੰਨ੍ਹਾਂ (ਪੰਜ ਕਕਾਰਾਂ) ਨਾਲ ਸ਼ਿੰਗਾਰੀ ਰੱਖਣ ਵਾਲਿਆਂ ਲਈ ਸਤਿਗੁਰਾਂ ਦਾ ਫ਼ੁਰਮਾਨ ਹੋਰ ਵੀ ਵੱਧ ਕਰੜਾ ਹੈ:--

**ਕਹੈ ਪ੍ਰਭੁ ਅਵਰੁ ਅਵਰ ਕਿਛੁ ਕੀਜੈ ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ ॥**
**ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭ ਲੀਓ ਸੁਹਾਗਨਿ ਥੂਕ ਮੁਖਿ ਪਈਆ ॥ ੭ ॥**

ਏਹੋ ਜਿਹੇ ਧਿਰਮ-ਆਗੂਆਂ ਦੀ ਤੁਹਾਨੂ ਕੀ ਪਰਵਾਹ ? ਤੁਹਾਡੇ ਤੇ ਤਾਂ ਸਤਿਗੁਰਾਂ ਦੀ ਅਪਾਰ ਮਿਹਰ ਹੈ ਜੋ ਤਹਾਡੇ ਮਨ ਵਿਚ **ਭਉ** ਪੈਦਾ ਹੋਇਆ। --**ਭਉ** ਹੀ ਤਾਂ **ਭਾਉ** ਹੋਣ ਦੀ ਨਿਸ਼ਾਨੀ ਹੈ--" **ਨਾਨਕ ਜਿਨ੍ ਮਨਿ ਭਉ ਤਿਨ੍ਾ ਮਨਿ ਭਾਉ ॥ ੨ ॥**" ਸੋ, ਤੁਸਾਂ ਕੋਈ ਵੀ ਅਜੇਹਾ ਕਰਮ ਨਹੀਂ ਕੀਤਾ ਜਿਸ ਤੋਂ ਸਾਡੇ ਸਤਿਗੁਰੂ ਜੀ ਦੇ ਬਚਨਾਂ ਦੀ ਉਲੰਙਣਾ ਹੋਈ ਹੋਵੇ। "

**ਸਤਿਕਾਰ ਜੋਗ ਸਿੰਘ ਸਾਹਿਬ ਮਨਜੀਤ ਸਿੰਘ ਜੀਓ** ! ਇਹ ਤਾਂ ਸੀ ਉਹ ਗੱਲ-ਬਾਤ ਜੋ ਉਨ੍ਹਾਂ ਦੋਂ ਮੂੜ੍ਹ ਪੇਂਡੂਆਂ ਵਿਚ ਹੋਈ, ਜਿਨ੍ਹਾਂ ਵਿਚੋਂ ਇੱਕ ੨੦ ਸਾਲਾ ਕੈਦ ਤੋਂ ਬਰੀ ਹੋ ਕੇ ਆਇਆ ਹੋਇਆ ਹੈ, ਅਤੇ ਦੂਜਾ ਉਹ ਜਿਸ ਨੇ ਆਪਣੀ ਉਮਰ ਦਾ ਬਹੁਤਾ ਹਿੱਸਾ ਪੁਲਸ ਵਰਗੇ ਬਦਨਾਮ ਮਹਿਕਮੇ ਵਿਚ ਹੋਣ ਕਰਕੇ ਸਦਾ ਅਪਰਾਧੀਆਂ ਦੀ ਸੰਗਤਿ ਵਿਚ ਬਿਤਾਇਆ ਸੀ। ਸਤਿਗੁਰਾਂ ਦੀ ਕਿਰਪਾ ਦਾ ਸਦਕਾ--ਤੁਸੀਂ ਹਰ ਤਰ੍ਹਾਂ ਨਿਰਮਲ ਵਾਤਾਵਰਨ ਦੀ ਉਪਜ ਹੋ। ਉੱਚ ਕੋਟੀ ਦੇ ਵਿਦਵਾਨ ਮਹਾਂਪੁਰਖ ਹੋਣ ਦੇ ਕਾਰਨ ਤੁਸੀਂ ਏਡੀਆਂ ਪ੍ਰਤਿਸ਼ਟਤ ਪਦਵੀਆਂ ਮਾਣ ਰਹੇ ਹੋ। Brm ਭੁਲੇਖੇ ਦੂਰ ਕਰ ਰਹੇ (ਗੁਰਮੁਖਿ ਪਿਅਰੇ ਭੁਪਿੰਦਰ ਸਿੰਘ ਜੀ ਦਾ ਉਦੱਮ) ਆਪ ਜੀ ਨੂੰ ਕਿਸ ਕਾਰਨ ਨਹੀ' ਭਾਉਂਦਾ ? ਸਾਡੇ ਇਹ ਭਰਮ ਦੂਰ ਕਰ ਦੇਣ ਲਈ, ਗੁਰਬਣੀ ਸ਼ਬਦਾਂ ਦੇ ਅਧਾਰ ਤੇ ਵਡਮੁੱਲੀ ਸੇਧਾ ਲਿਖ ਭੇਜਣ ਦੀ. ਇਹ ਨਿਮਾਣੀ ਬੇਨਤੀ ਸ਼ਾਇਦ ਤੁਸੀਂ ਪ੍ਰਵਾਨ ਕਰ ਹੀ ਲਵੋ ਜੀ ?

ਸਿਆਣਿਆਂ ਦਾ ਕਥਨ ਹੈ ਕਿ, ਖੁਨਾਮੀ ਵੱਲ ਉਸ ਦਾ ਧਿਆਨ ਦਿਵਾਉਣ ਵਾਲਾ ਸੱਜਣ ਹੈ, ਅਤੇ ਸਦਾ ਸਿਫ਼ਤਾਂ ਦੇ ਹੀ ਪੁਲ ਬੰਨ੍ਹੀ ਰੱਖਣ ਵਾਲਾ **ਝੋਲੀ ਚੁੱਕ**, ਵਡਾ ਵੈਰੀ ਜਾਣੋ। ਕਰੀਬ ਡੇੜ੍ਹ ਸਾਲ ਹੋਇਆ ਦਾਸ ਨਾਲ ਟਰਾਂਟੋ ਤੋਂ ਹੋਈ ਫ਼ੋਨ ਤੇ ਗੱਲ-ਬਾਤ ਸਮੇ ਤੁਸਾਂ ਦਾਸ ਦਾ ਫ਼ੋਨ ਨੰਬਰ ਨੋਟ ਕਰ ਲਿਆ ਸੀ ਕਿ, ਅਤੇ ਬਚਨ ਕੀਤਾ ਸੀ ਕਿ ਜਦ ਵੀ ਅਮਰੀਕਾ ਜਾਂ ਕੈਨੇਡਾ ਆਏ ਤਾਂ ਦਾਸ ਨੂੰ ਜ਼ਰੂਰ ਫ਼ੋਨ ਕਰਕੇ, ਜਾਂ ਆਪਣੇ ਕੋਲ ਬੁਲਾ ਲਵੋਗੇ ਅਤੇ ਜੇ ਸਮਾ ਹੋਇਆ ਤਾਂ, ਆਪ ਦਰਸ਼ਨ ਦੇਣ ਦੀ ਕਿਰਪਾਲਤਾ ਕਰੋਕੇ। ਕਈ ਵਾਰੀ ਏਧਰ ਆਏ ਪਰ ਕਦੇ ਫ਼ੋਨ ਤੱਕ ਨਾ ਕੀਤਾ। ਹੁਣ ਐਰਾਜ਼ੋਨਾ (ਕੈਲੀਫੋਨੀਆਂ) ਆਉਣ ਦਾ ਪਤਾ ਲੱਗਾ। ਮਨ ਬੜਾ ਉਤਸ਼ਾਹਤ ਹੋਇਆ ਕਿ ਸਾਰਿਆਂ ਮਸਲਿਆਂ ਬਾਰੇ ਤੁਹਾਡੇ ਨਾਲ ਜ਼ਬਾਨੀ ਗੱਲ ਬਾਤ ਹੋ ਜਾਵੇਗੀ। ਬੜਾ ਯਤਨ ਕਰਕੇ ਆਪ ਜੀ ਦੇ ਭਾਈ, ਡਾ: ਉਅੰਕਾਰ ਸਿੰਘ ਜੀ ਦਾ ਫ਼ੋਨ ਲੱਭਿਆ। ਪਰ ਫ਼ੋਨ ਤੇ ਆਪ ਜੀ ਦੇ ਮਿੱਤਰ- **ਡਾ ਬਲਕਾਰ ਸਿੰਘ** ਨਾਲ ਮੇਲ ਹੋ ਸਕਿਆ। ਤੁਸੀਂ ਅਜੇ ਨਹੀਂ ਸੀ ਪੁੱਜੇ। ਡਾ: ਬਲਕਾਰ ਸਿੰਘ ਜੀ ਨੇ ਵੀ ਦਾਸ ਦਾ ਫ਼ੋਨ ਲਿਖਿਆ ਅਤੇ ਬਚਨ ਕੀਤਾ ਕਿ ਉਨ੍ਹਾਂ ਨੇ (ਸ਼ਾਇਦ ਤੁਹਾਡੇ ਸਮੇਤ?) ਸਿਆਟਲ ਆਉਣਾ ਹੈ ਅਤੇ ਜ਼ਰੂਰੀ ਮਿਲਣਗੇ। ਪਰ--ਕੁਨਦ ਹਮ ਜਿਨਸ ਬ ਹਮ ਜਿਨਸ ਪਰਵਾਜ਼ ॥ ਕਬੂਤਰ ਬ ਕਬੂਤਰ ਬਾਜ਼ ਬ ਬਾਜ਼ ॥ ਤੁਹਾਡਾ ਮਿੱਤਰ ਭਲਾ ਬਚਨਾ ਦਾ ਪੱਕਾ ਕਿਵੇਂ ਹੋ ਸਕਦਾ ਹੈ ? ਦੋ ਅਜੇਹੇ ਗੁਰਮੁਖਾਂ ਨਾਲ ਦਾਸ ਦਾ ਮੇਲ ਹੋਇਆ ਹੈ ਜਿਹੜੇ ਸੱਦੇ-ਪੱਤਰ ਤੇ ਉਸ ਸਮਾਗਮ ਵਿਚ ਸ਼ਾਮਲ ਹੋਣ ਲਈ ਪੁੱਜੇ ਹੋਏ ਸਨ। ਉਸ (ਕਥਿਤ) ਧਾਰਮਿਕ ਸਮਾਗਮ ਵਿਚ ਤੁਸਾਂ ਅਰਦਾਸਾਂ ਵੀ ਕੀਤੀਆਂ ਅਤੇ ਥੋਹੜੀ-ਬਹੁਤੀ (ਭ੍ਾਵੇਂ ਇੱਕ ਤੁਕ ਹੀ ਸਹੀ) ਗੁਰੂ-ਬਾਣੀ ਵੀ ਪੜ੍ਹੀ। ਕੀ, ਤੁਹਾਡਾ ਉਹ ਸਾਰਾ ਸਮਾਗਮ (ਗੁਰੂ ਕਾ ਲੰਗਰ ਛਕਣ ਸਮੇਤ) ਕੁਰਸੀਆਂ ਤੇ ਬ੍ਹੈਠ ਕੇ ਨਹੀਂ

ਸੀ ਹੋਇਆ ? ਫਿਰ ਕੁਰਸੀਆਂ ਤੇ ਬੈਠ ਕੇ ਰੱਬ ਦੀ ਸਿਫਤਿ ਸਾਲਾਹ ਕਰਨ ਤੋਂ ਦੂਜਿਆਂ ਤੇ ਕ੍ਰੋਪ ਕਿਉਂ ਹੁੰਦੇ ਹੋ ਜੀ ?

ਇਸ ਬੇਨਤੀ ਪੱਤਰ ਦੇ ਅਰੰਭ ਵਿਚ ਲਿਖਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ-**ਕਬੀਰ ਅਵਰਹ ਕਉ ਉਪਦੇਸਤੇ ਮੁਖ ਮੈ ਪਰਿ ਹੈ ਰੇਤੁ ॥ ਰਾਸਿ ਬਿਰਾਨੀ ਰਾਖਤੇ ਖਾਯਾ ਘਰ ਕਾ ਖੇਤੁ ॥ ੯੮ ॥**--ਕੀ, ਤੁਹਾਡੇ ਤੇ ਲਾਗੂ ਨਹੀ ਹੁੰਦਾ ਜੀ? ਕੀ ਤੁਸੀਂ ਲੋਕ, ਸਿੰਘ ਸਾਹਿਬ ਬਣਦਿਆਂ ਸਾਰ ਹੀ ਨਿਹਕਲੰਕ ਬਣ ਜਾਂਦੇ ਹੋ ਜੀ। ਤੁਹਾਡੇ ਸਿਆਸੀ-ਗੁਰੂ ਟੌਹੜਾ ਸਾਹਿਬ ਦੀਆਂ ਕਾਲੀਆਂ ਕਰਤੂਤਾਂ ਦਾ ਬੜਾ ਵੱਡਾ ਚਿੱਠਾ ਅਖ਼ਬਾਰ ਵਿਚ ਛਪਿਆ ਦਾਸ ਦੇ ਸਾਹਮਣੇ ਪਿਆ ਹੈ । ਗੁਰੂ ਜਿਨ੍ਹਾਂ ਦੇ ਟੱਪਣੇ ਚੇਲੇ ਜਾਣ ਛੜੱਪ । ਕਹਾਵਤ ਕੀ ਝੂਠੀ ਹੈ ਜੀ ----?

ਆਪ ਜੀ ਵਲੋਂ ਕਿਸੇ ਪ੍ਰਕਾਰ ਦਾ ਉੱਤਰ ਨਾ ਆਉਣ ਦਾ ਅਰਥ ਏਹੀ ਹੋਵੇਗਾ ਕਿ ਤੁਸੀਂ ਉਪ੍ਰੋਕਤ ਲਿਖੇ ਨਾਲ ਸਹਿਮਤ ਹੋ। ਆਸ ਹੈ ਅੱਗੇ ਤੋਂ ਸ: ਭੁਪਿੰਦਰ ਸਿੰਘ ਜੀ ਬਾਰੇ ਸ਼ੁੱਭ ਭਾਵਣਾ ਦਾ ਹੀ ਪ੍ਰਗਟਾਵਾ ਕਰਿਆ ਕਰੋਗੇ ਜੀ। ਪੰਥ ਦੀ ਵਡਮੁੱਲੀ ਸੇਵਾ ਨਿਭਾਉਂਦਿਆਂ ਹੋਇਆ ਅਪਣਾ ਕੀਮਤੀ ਸਮਾਂ ਖ਼ਰਚ ਕਰ ਕੇ ਸਾਡੀ ਵੇਦਨਾਂ ਪੜ੍ਹ ਲੈਣ ਦੇ ਉਪਕਾਰ ਦਾ ਲੱਖ ਲੱਖ ਧਨਵਾਦ। ਜੇ ਕੋਈ ਸੇਧ ਪੱਤਰ ਲਿਖ ਭੇਜੋ ਤਾਂ ਅਸੀ ' ਸਾਰੇ ਸੰਗੀ, ਸਾਰੀ ਉਮਰ ਆਪ ਜੀ ਦੇ ਰਿਣੀ ਰਹਾਂਗੇ ਜੀ। ਹੋਈਆਂ ਭੁੱਲਾਂ ਦੀ ਖਿਮਾ----

ਗੁਰਮਤਿ ਅਨੁਸਾਰ ਜੀਵਨ ਜੀਓਂ ਰਹੇ ਗੁਰਮੁਖਾਂ ਦੇ ਚਰਨਾਂ ਦੀ ਧੂੜ-- ਦਾਸਰਾ ਗੁਰਬਖਸ਼ ਸਿੰਘ